# ਕਹਾਣੀ: ਆਈਫ਼ੋਨ



ਸੁਰਿੰਦਰ ਗੀਤ
ਕੈਨੇਡਾ
sgeetgill@gmail.com

ਸੱਥ ’ਚ ਬੈਠੇ ਮੱਘਰ ਸਿਉਂ ਨੇ ਬੰਤਾ ਸਿਉਂ ਦੇ ਹੱਥ ’ਚ ਗਿੱਠ ਲੰਮਾ ਨਵਾਂ-ਨਕੋਰ ਫ਼ੋਨ ਦੇਖ ਕੇ ਪੁੱਛਿਆ,“ ਆਹ ਬਾਹਰੋਂ ਆਇਆ ਲਗਦਾ ...ਦਿਖਾ ਤਾਂ ਸਹੀ !” ਉਸਨੇ ਫ਼ੋਨ ਫੜਨ ਲਈ ਅੱਗੇ ਹੱਥ ਵਧਾਉਂਦਿਆਂ ਆਖਿਆ।

“ ਲੈ ਦੇਖ ਲੈ ਬਾਈ ....ਪਰਸੋਂ ਈ ਕੋਈ ਫੜਾ ਕੇ ਗਿਆ। ਆਪਣੇ ਹਰਮਨ ਨੇ ਭੇਜਿਆ ... !” ਕਹਿੰਦਿਆਂ- ਕਹਿੰਦਿਆਂ ਉਹਦੀਆਂ ਅੱਖਾਂ ਸ਼ੀਸ਼ੇ ਵਾਂਗ ਚਮਕ ਗਈਆਂ।

ਮੱਘਰ ਸਿਉਂ ਨੇ ਫ਼ੋਨ ਨੂੰ ਸਿੱਧਾ ਪੁੱਠਾ ਕਰਕੇ ਵਾਰ-ਵਾਰ ਦੇਖਿਆ। “ਕਿੰਨੇ ਕੁ ਦਾ ਹੋਊ....ਚਾਲੀ-ਪੰਜਾਹ ਹਜ਼ਾਰ ਦਾ ਤਾਂ ਹੋਣਾ ? ”

ਬੰਤਾ ਸਿਉਂ ਮੁੱਛਾਂ ’ਚ ਮੁਸਕਾਰਾਇਆ, ਖਚਰਾ ਜਿਹਾ ਝਾਕਿਆ ,“ ਕਰਤੀ ਗੱਲ ਬਾਈ ਨੇ ...ਇਹ ਫ਼ੋਨ ਘੱਟੋ ਘੱਟ ਦੋ ਲੱਖ ਦਾ ਆ ...ਪੰਜ-ਛੇ ਹਜਾਰ ਦਾ ਤਾਂ ਇਹਦੇ ਉਤਲਾ ਕਵਰ ਆ।” ਉਹਨੇ ਕਵਰ ਨੂੰ ਉਂਗਲ ਨਾਲ ਟਣਕਾ ਕੇ ਜੇਤੂ ਖਿਡਾਰੀ ਵਾਂਗ ਕਿਹਾ।

“ ਐਨਾ ਮਹਿੰਗਾ... ਲੈ ਭਾਈ ਫੜ ਆਪਣਾ ਫ਼ੋਨ...ਐਵੇਂ ਨਾ ਕੋਈ ਜਾਹ ਜਾਂਦੀ ਹੋ ਜਾਵੇ ਮੇਰੇ ਹੱਥਾਂ ’ਚ...ਇਹਦੀ ਕੋਈ ਨਾੜ ਨੂੜ ਨੱਪੀ ਜਾਵੇ ! ਭਰਿਆ ਵੀ ਨਹੀਂ ਜਾਣਾ ਮੇਰੇ ਤੋਂ। ” ਉਹਨੇ ਫ਼ੋਨ ਫੜਾਉਂਦਿਆਂ ਮੋੜਵਾਂ ਜਵਾਬ ਦਿੱਤਾ।

ਉਸ ਰਾਤ ਉਹਨੂੰ ਰੋਟੀ ਸਵਾਦ ਨਾ ਲੱਗੀ। ਮੂੰਹ ’ਚ ਬੁਰਕੀ ਪਾਉਂਦਾ ਤਾਂ ਉਹਦੀਆਂ ਅੱਖਾਂ ਮੂਹਰੇ ਫ਼ੋਨ ਆ ਜਾਂਦਾ। ਉਸ ਦੀ ਦਿੱਖ ਤੇ ਚਮਕ ਅੱਖਾਂ ਚੁੰਧਿਆ ਦਿੰਦੀ। ਉਹਨੇ ਕਈ ਵਾਰੀ ਅੱਖਾਂ ਮੀਚੀਆਂ ਤੇ ਖੋਲ੍ਹੀਆਂ। ਆਪਣੇ ਆਪ ਨੂੰ ਕਈ ਤਰ੍ਹਾਂ ਦੇ ਧਰਵਾਸ ਦਿੱਤੇ।

“ ਏਨਾ ਮਹਿੰਗਾ ਫ਼ੋਨ....ਕੀ ਕਰਨਾ ਮੈਂ....ਗੱਲਾਂ ਤਾਂ ਆਹ ਮੇਰੇ ਵਾਲਾ ਪੰਜ ਹਜ਼ਾਰ ਦਾ ਵੀ ਕਰੀ ਜਾਂਦੈ...ਤਿੰਨ ਸਾਲ ਹੋ ਗਏ ਕੱਖ ਨੀ ਵਿਗੜਿਆ ਏਹਦਾ। ਇਕ ਵਾਰ ਤਾਂ ਖਾਲ ’ਚ ਵੀ ਡਿੱਗ ਪਿਆ।....ਪੂਰਾ ਪਾਣੀ ’ਚ ਭਿੱਜ ਗਿਆ। ਦੋ ਘੰਟੇ ਧੁੱਪੇ ਰੱਖ ਤਾ। ਫਿਰ ਬੋਲਣ ਲੱਗ ਪਿਆ। ਕਹਿੰਦੇ ਹੁੰਦੇ ਆ ਪਈ ਬਾਹਲੀ ਚਮਕ ਦਮਕ ਠੀਕ ਨੀ ਹੁੰਦੀ...ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਆ।”

ਪਰ ਬੰਤੇ ਦੀ ਕਹੀ ਗੱਲ ‘ਫ਼ੋਨ ਦੋ ਲੱਖ ਦਾ’ ਜਿਵੇਂ ਈ ਯਾਦ ਆਉਂਦੀ, ਉਹਦਾ ਕਾਲਜਾ ਵਿਨ੍ਹ ਜਾਂਦੀ। ਇਹ ਕੁਸ਼ ਦੱਸਣ ਦਾ ਵੀ ਢੰਗ ਤਰੀਕਾ ਹੁੰਦਾ...ਉਹਦੀਆਂ ਅੱਖਾਂ ’ਚੋਂ ਤਾਂ ਹੰਕਾਰ ਚੋਂਦਾ ਸੀ....ਇਉਂ ਬੋਲਿਆ ਜਿਵੇਂ ਮਹਾਰਾਜਾ ਪਟਿਆਲਾ ਹੋਵੇ ....ਦਿਨ ’ਚ ਕਈ ਵਾਰ ਉਹ ਬੰਤੇ ਨੂੰ ਅੰਦਰੋਂ-ਅੰਦਰੀ ਗਾਲ੍ਹ ਕੱਢਦਾ...! ਫਿਰ ਆਪਣੇ ਆਪ ਨੂੰ ਸ਼ਾਂਤ ਕਰਨ ਲਈ ਮਨ

ਹੀ ਮਨ ਸੋਚਦਾ ...ਚੱਲ ਕਰੀ ਜਾਣ ਦੇ ...ਮੈਨੂੰ ਕੀ...ਮੈਨੂੰ ਕਿਹੜਾ ਉਹਦੀ ਔਕਾਤ ਦਾ ਪਤਾ ਨੀ...ਸਾਲ ਹੋਇਆ ਆਵਦੇ ਮੁੰਡੇ ਨੂੰ ਕੈਨੇਡਾ ਭੇਜਣ ਵੇਲੇ ਕਿੱਲਾ ਬੈਅ ਕਰਤਾ ...ਵੱਡਾ ਆਇਆ ਆਈ ਫ਼ੋਨ ਆਲਾ ...ਜੱਟ ਦੀ ਜ਼ਮੀਨ ਵਿਕ ਜੇ ਤਾਂ ਉਹਦਾ ਮਰਨ ਹੋ ਜਾਂਦੈ। ਹਰ ਵਾਰ ਉਹਦੇ ਮੂੰਹੋਂ ਇਕ ਵੱਡੀ ਸਾਰੀ ਗਾਲ੍ਹ ਨਿਕਲ ਜਾਂਦੀ ਜੋ ਪਹਿਲਾਂ ਕੱਢੀ ਗਾਲ੍ਹ ਤੋਂ ਵੱਡੀ ਹੁੰਦੀ !

ਉਹ ਸੋਚਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸਿਆ ਪਿਆ ਸੀ ਕਿ ਉਹਦੀ ਘਰਵਾਲੀ ਜਗੀਰੋ ਆ ਧਮਕੀ।

" ਕੀ ਗੱਲ ਹਜੇ ਰੋਟੀ ਪਈ ਈ ਆ....ਮੈਂ ਤਾਂ ਹੋਰ ਲਿਆਈ ਆਂ ?" ਉਸ ਨੇ ਰੋਟੀ ਅੱਗੇ ਕਰਦਿਆਂ ਕਿਹਾ !

" ਨਹੀਂ ਬਸ..ਅੱਜ ਭੁੱਖ ਨੀ...ਚਿੱਤ ਠੀਕ ਨੀ !" ਉਹਦੇ ਵੱਲ ਬਿਨਾ ਦੇਖਿਆਂ ਬੇ-ਧਿਆਨਾ ਜਿਹਾ ਹੋ ਕੇ ਜਵਾਬ ਦਿੱਤਾ ਤੇ ਥਾਲੀ ਭੁੰਜੇ ਰੱਖ, ਗਲਾਸ 'ਚ ਪਏ ਪਾਣੀ 'ਚੋਂ ਦੋ ਘੁੱਟਾਂ ਭਰ ਕੇ ਬਾਕੀ ਪਾਣੀ ਨਾਲ ਹੱਥ ਧੋਣ ਲਗ ਪਿਆ।

ਜਗੀਰ ਕੁਰ ਨੇ ਮੱਘਰ ਸਿਉਂ ਦੇ ਮੰਜੇ ਦੀ ਪੈਂਦ 'ਤੇ ਪਿਆ ਕਾਲੀਆਂ ਚਿੱਟੀਆਂ ਡੱਬੀਆਂ ਵਾਲਾ ਪਰਨਾ ਉਹ ਦੇ ਨੇੜੇ ਕੀਤਾ ਤੇ ਗੁੱਸੇ 'ਚ ਬੋਲਣ ਲੱਗ ਪਈ ,"ਘਰੋਂ ਤਾਂ ਚੰਗਾ ਭਲਾ ਗਿਆ ਸੀ...ਘੰਟੇ 'ਚ ਤੈਨੂੰ ਕੀ ਹੋ ਗਿਆ...ਕਿਸੇ ਨੇ ਕੁਝ ਕਹਿ ਤਾ...ਮੈਂ ਤਾਂ ਬਥੇਰੀ ਵਾਰੀ ਕਿਹਾ ਪਈ ਘਰੇ ਜਵਾਕਾਂ 'ਚ ਬੈਠਿਆ ਕਰ...ਕੀ ਲੈਣਾ ਹੁੰਦਾ ਓਥੇ ਲੋਕਾਂ ਦੀਆਂ ਗੱਲਾਂ ਸੁਣਕੇ ਤੇ ਕਰਕੇ। ਢੱਠੇ ਖ਼ੂਹ 'ਚ ਪੈਣ ਸਰਕਾਰਾਂ...ਕੋਈ ਆਵੇ ਕੋਈ ਜਾਵੇ....ਆਪਾਂ ਤਾਂ ਏਥੇ ਪਿੰਡ ਈ ਰਹਿਣਾ...ਜਿਹੜਾ ਕਮਾਉਣਾ ਓਹੀ ਖਾਣਾ ... ਗੱਲਾਂ ਛੇੜ ਬਹਿ ਜਾਨਾਂ ਕਨੇਡਾ-ਮਰੀਕਾ ਦੀਆਂ... ਆਵਦੇ ਖ਼ੇਤ ਤੇ ਘਰ 'ਚ ਧਿਆਨ ਰੱਖਿਆ ਕਰ। ਜੇ ਕੈਨੇਡਾ ਮਰੀਕਾ ਦੀ ਗੱਲ ਨਾ ਹੋਵੇ ਤਾਂ ਵੋਟਾਂ ਦੀ ਗੱਲ ਲੈ ਬਹਿਨਾਂ...ਕੀ ਕਰਦੇ ਆ ਵੋਟਾਂ ਆਲੇ...ਸਾਡਾ ਕੀ ਸੰਵਾਰਦੇ ਆ... ਤੂੰ ਸੱਥ 'ਚ ਬਹਿ ਕੇ ਐਵੇਂ ਕਿੱਲ੍ਹੀ ਜਾਂਦਾ ਰਹਿਨਾਂ... ਜਿਵੇਂ ਉਹ ਤੇਰੇ ਮਾਮੇ ਹੋਣ ...ਸ਼ੀਸ਼ੇ 'ਚ ਆਪਣਾ ਮੂੰਹ ਦੇਖ ਕਿਵੇਂ ਪੀਲਾ ਹੋਇਆ ਪਿਆ...ਜਿਵੇਂ ਕੋਈ ਮਰ ਗਿਆ ਹੋਵੇ।"

"ਸੁੱਖੀ ਸਾਂਦੀ ਕਿਉਂ ਕੋਈ ਮਰੇ... ਕਾਹਤੋਂ ਬੋਲੀ ਜਾਨੀਂ ਏਂ ਚਬੜ ਚਬੜ.. ..ਪਹਿਲਾਂ ਗੱਲ ਨੂੰ ਸਮਝਿਆ ਕਰ...ਫੇਰ ਬਕਿਆ ਕਰ...ਅਕਲ ਨਾ ਮੌਤ !"

"ਸਮਝਾਂ ਤਾਂ ਤਾਂ...ਜੇ ਤੂੰ ਮੇਰੇ ਨਾਲ ਕਦੇ ਕੋਈ ਗੱਲ ਕਰੇਂ...!"

" ਬੋਲਦੀ ਤਾਂ ਇਉਂ ਆ ਜਿਵੇਂ ਬੀਆ ਕੀਤਾ ਹੋਵੇ ...!" ਮੱਘਰ ਸਿਉਂ ਨੇ ਪਰਨੇ ਨਾਲ ਹੱਥ ਪੂੰਝਿਆ..ਪਰਨਾ ਉਹਦੇ ਵੱਲ ਵਗਾਹ ਮਾਰਿਆ ਤੇ ਕਿਹਾ,"ਏਹਨੂੰ ਤਣੀ ਤੇ ਪਾ ਦੇ 'ਤੇ ਆਵਦਾ ਕੰਮ ਕਰ... !"

ਜਗੀਰੋ ਪਰਨੇ ਨੂੰ ਤਣੀ 'ਤੇ ਲਟਕਾ ਬੁੜ-ਬੁੜ ਕਰਦੀ ਰਾਤ ਦੇ ਜੂਠੇ ਭਾਂਡੇ ਮਾਂਜਣ ਲੱਗ ਪਈ।

" ਪਹਿਲਾਂ ਮੇਰਾ ਬਿਸਤਰਾ ਤਾਂ ਲਿਆ ਦੇ...ਫੇਰ ਮਾਂਜ ਲਈਂ..ਇਹ ਕਿਤੇ ਭੱਜੇ ਜਾਂਦੇ ਆ।"

"ਵੇ...ਕਰਮਿਆ...ਆਵਦੇ ਪਿਉ ਨੂੰ ਇਹਦਾ ਬਿਸਤਰਾ ਲਿਆ ਦੇ...ਇਹਦੇ ਪੈਰਾਂ ਨੂੰ ਤਾਂ ਜੂੜ ਪਾ ਤਾ ਕਿਸੇ ਨੇ ਬਾਹਰੋਂ !" ਜਗੀਰ ਕੁਰ ਨੇ ਆਪਣੇ ਵਿਤ ਨਾਲੋਂ ਉੱਚੀ ਆਵਾਜ਼ 'ਚ ਕਰਮੇ ਨੂੰ ਕਿਹਾ।" ਜਿਵੇਂ ਉਹ ਆਪਣੇ ਗੁੱਸੇ ਨੂੰ ਭੁਚਾਲ ਵਾਗੂੰ ਦਿਖਾਉਣਾ ਚਾਹੁੰਦੀ ਹੋਵੇ।

ਦਰੀ, ਸਿਰਹਾਣਾ ਤੇ ਖੇਸ ਮੰਜੇ 'ਤੇ ਰੱਖਦਿਆਂ ਬਾਪੂ ਦਾ ਮੂਡ ਦੇਖ ਕੇ ਕਰਮੇ ਨੇ ਪੁੱਛਿਆ, "ਬਾਪੂ ਦੁੱਧ ਵੀ ਲਿਆ ਦੇਵਾਂ...ਕੋਸਾ-ਕੋਸਾ ਪੀ ਲੈ ...ਨੀਂਦ ਚੰਗੀ ਆ ਜਾਊ ...ਤੂੰ ਤਾਂ ਅੱਜ ਰੋਟੀ ਵੀ ਸੰਵਾਰ ਕੇ ਨੀ ਖਾਧੀ !"

" ਨਹੀਂ ਸ਼ੇਰਾ, ਰਹਿਣ ਦੇ...ਅੱਜ ਦੁੱਧ ਨੂੰ ਜੀਅ ਨੀ ਕਰਦਾ..! ਪਾਣੀ ਜ਼ਰੂਰ ਰੱਖ ਦੇਈਂ ਸਰ੍ਹਾਣੇ।"

ਮੱਘਰ ਸਿਉਂ ਨੇ ਸਾਰੀ ਰਾਤ ਉੱਸਲ-ਵੱਟੇ ਲੈਂਦਿਆਂ ਲੰਘਾਈ। ਉਸ ਦੀਆਂ ਅੱਖਾਂ ਮੂਹਰੇ ਵਾਰ ਵਾਰ ਆਈ ਫ਼ੋਨ ਆਈ ਜਾਵੇ...। ਜੇਕਰ ਸਾਡਾ ਕੋਈ ਕੈਨੇਡੇ ਜਾਂ ਮਰੀਕਾ ਗਿਆ ਹੁੰਦਾ ਤਾਂ ਅੱਜ ਮੇਰੇ ਕੋਲ ਵੀ ਦੋ ਲੱਖ ਦਾ ਫ਼ੋਨ ਹੁੰਦਾ ...ਮੈ ਵੀ ਸਾਲੇ ਬੰਤੇ ਨੂੰ ਦਿਖਾ ਦਿਖਾ ਕੇ ਹੈਲੋ ਹੈਲੋ ਕਰਦਾ...ਏਨੀ ਛੇਤੀ ਭੁੱਲ ਗਿਆ...ਹਾਲੇ ਕਲ੍ਹ ਮੇਰੀਆਂ ਮਿੰਨਤਾਂ ਕਰਦਾ ਸੀ ਪੈਸਿਆਂ ਨੂੰ...ਚੰਗਾ ਹੋਇਆ ਮੈਂ ਨਹੀਂ ਦਿੱਤੇ....ਇਹ ਬੰਦਾ ਈ ਚੰਗਾ ਨੀ...ਵਡਿਆਈ ਖੋਰਾ ਆ, ਛੇਤੀ ਪੈਰ ਛੱਡ ਗਿਆ। ਪਸ਼ੂਆਂ ਨੂੰ ਪੱਠੇ ਤਾਂ ਬੀਜੇ ਨੀ ਜਾਂਦੇ...ਮੇਰੇ ਤੋਂ ਮੁੱਲ ਬਰਸੀਣ ਲਿਆ ਹੱਡ-ਹਰਾਮੀ ਨੇ !" ਆਪਣੇ ਮਨ ਦਾ ਗੁਬਾਰ ਕੱਢਣ ਲਈ ਉਹਨੇ ਰੱਜ ਕੇ ਕੋਸਿਆ।

ਪਏ ਪਏ ਨੂੰ ਉਹਨੂੰ ਖ਼ਿਆਲ ਆਇਆ ਕਿ ਬੰਤੇ ਨਾਲ ਮੇਰੀ ਕੋਈ ਕੌੜੀ ਗੁਸੈਲੀ ਗੱਲ ਤਾਂ ਹੋਈ ਨੀ...ਮੈਂ ਕਾਹਤੋਂ ਉਹਦੇ 'ਤੇ ਤੱਪਿਆ ਫਿਰਦਾਂ। ਉਹਨੇ ਮੇਰਾ ਕੀ ਵਿਗਾੜਿਆ ! ਉਹਦੇ ਪੁੱਤ ਨੇ ਫ਼ੋਨ ਭੇਜਿਆ...ਉਹਨਾਂ ਦੇ ਪੈਸੇ ਉਨ੍ਹਾਂ ਦੀ ਚੀਜ਼...ਮੇਰਾ ਤਾਂ ਕੁਝ ਨੀ ਗਿਆ। ਉਹਨੇ ਆਪਣੇ ਮਨ ਨੂੰ ਕੁਝ ਧਰਵਾਸ ਦਿੱਤਾ।

ਸਿਰਹਾਣੇ ਪਈ ਗੜ੍ਹਵੀ 'ਚੋਂ ਪਾਣੀ ਦੀ ਇਕ ਦੋ ਵਾਰ ਘੁੱਟ ਭਰੀ। ਉਹ ਜਿਉਂ ਜਿਉਂ ਸੌਣ ਦੀ ਕੋਸ਼ਿਸ ਕਰਦਾ ਤਿਉਂ ਤਿਉਂ ਬੇਚੈਨ ਹੁੰਦਾ ਗਿਆ। ਨੀਲੇ ਰੰਗ ਦਾ, ਸੇਬ 'ਤੇ ਦੰਦੀ ਵੱਢੀ ਫ਼ੋਟੋ ਵਾਲਾ ਆਈਫ਼ੋਨ ਉਹਨੂੰ ਟਿਕਣ ਨਾ ਦਿੰਦਾ। ਮੁੜ ਮੁੜ ਉਹਦੀਆਂ ਅੱਖਾਂ ਸਾਹਮਣੇ ਆਉਂਦਾ। "ਗੁੱਸਾ ਨਾ ਆਵੇ ਤਾਂ ਹੋਰ ਕੀ ਆਵੇ...ਉਹ ਬੋਲਿਆ ਈ ਇਸ ਤਰ੍ਹਾਂ ਜਿਵੇਂ ਮੈਥੋਂ ਕਦੇ ਏਹੋ ਜਿਹਾ ਫ਼ੋਨ ਲੈ ਈ ਨਹੀਂ ਹੋਣਾ...ਵਿੰਗਾ ਜਿਹਾ... ਖੋਦੀ ਦਾੜ੍ਹੀ ਆਲਾ ਆਫਰਿਆ ਫਿਰਦਾ ਆਈ-ਫ਼ੋਨ ਜੇਬ 'ਚ ਪਾ ਕੇ !" ਉਹ ਸਾਰੀ ਰਾਤ ਅੰਦਰੋ ਅੰਦਰ ਬੋਲਦਾ ਰਿਹਾ ਤੇ ਆਪੇ ਹੀ ਆਪ ਨੂੰ ਸੁਣਦਾ ਰਿਹਾ।

ਮੱਘਰ ਨੇ ਕਈ ਵਾਰ ਮੂੰਹ ਨੰਗਾ ਕਰਕੇ ਅਸਮਾਨ ਵੱਲ ਦੇਖਿਆ। ਉਸ ਨੂੰ ਲੱਗਿਆ ਜਿਵੇਂ ਚੰਦ ਤਾਰੇ ਉਸ 'ਤੇ ਹੱਸ ਰਹੇ ਹੋਣ ਤੇ ਆਖ ਰਹੇ ਹੋਣ ਕਿ ਇਉਂ ਤਰੱਕੀ ਕਰੀਦੀ ਆ ਜਿਵੇਂ ਬੰਤੇ ਨੇ ਕੀਤੀ ਆ। ਆਈ ਫ਼ੋਨ ਜਣੇ ਖਣੇ ਕੋਲ ਨੀ ਹੁੰਦਾ ! ਕਈ ਵਾਰ ਉਹਨੇ ਮੂੰਹ ਤੋਂ ਲੀੜਾ ਲਾਹਿਆ ਤੇ ਕਈ ਵਾਰ ਮੂੰਹ ਢੱਕਿਆ।

ਕੁੱਕੜ ਨੇ ਬਾਂਗ ਦਿੱਤੀ ਤੇ ਨਾਲ ਈ ਗੁਰਦਵਾਰੇ ਵਾਲਾ ਭਾਈ ਬੋਲ ਪਿਆ... ਸਤਿਨਾਮ ਸ੍ਰੀ ਵਾਹਿਗੁਰੂ...ਭਾਈ ਅੰਮ੍ਰਿਤ ਵੇਲਾ ਹੋ ਗਿਆ...ਉਠੋ ਰੱਬ ਦਾ ਨਾਂ ਲਵੋ...ਵਾਹਿਗੁਰੂ ਵਾਹਿਗੁਰੂ ਕਰੋ।

ਮੱਘਰ ਸਿਉਂ ਨੂੰ ਲੱਗਿਆ ਜਿਵੇਂ ਬਾਬਾ ਅੱਜ ਛੇਤੀ ਬੋਲ ਪਿਆ...! ਹਾਲੇ ਤਾਂ ਮੈਂ ਸੁੱਤਾ ਈ ਨਹੀਂ...! ਉਹ ਮੂੰਹ 'ਚ ਬੁੜਬੁੜਾਇਆ।

"ਅੱਜ ਬਾਹਲਾ ਸਵੱਖਤੇ ਈ ਬੋਲ ਪਿਆ...ਲੋਕਾਂ ਨੂੰ ਜਗਾ ਕੇ...ਆਪ ਇਹਨੇ ਟੇਪ ਲਾ ਕੇ ਸੌਂ ਜਾਣੈ !"...ਉਹਨੂੰ ਬਾਬੇ ਦਾ ਵੱਡੇ ਤੜਕੇ ਬੋਲਣਾ ਚੰਗਾ ਨਾ ਲੱਗਿਆ। ਉਂਜ ਨੇਮ ਨਾਲ ਉਹ ਉੱਠ ਕੇ ਪੰਜ ਸੱਤ ਵਾਰੀ ਵਾਹਿਗੁਰੂ ਵਾਹਿਗੁਰੂ ਕਰਦਾ ਹੁੰਦਾ ਸੀ। ਵਾਹਿਗੁਰੂ ਕਹਿਣ ਦੀ ਥਾਂ ਉਹਦੇ ਮੂੰਹੋਂ ਬੰਤੇ ਨੂੰ ਗਾਲ੍ਹਾਂ ਈ ਨਿਕਲੀਆਂ।

"ਨਾ ਕਿਉਂ ਅੱਜ ਉੱਠਣਾ ਨੀ....ਸੂਰਜ ਦੇਖ ਸਿਰ ਤੇ ਆਇਆ ਪਿਆ... ਜੇ ਕੁਛ ਦੁੱਖਦਾ ਆ ਤਾਂ ਦਵਾ ਦਾਰੂ ਲੈ ਲੈ... ਬੰਦਾ ਦੱਸੇ ਤਾਂ ਸਹੀ ਕਿ ਕੀ ਹੋਇਆ...ਕਲ੍ਹ ਦਾ ਮਰੀਅਲ ਕੁੱਤੇ ਵਾਂਗੂੰ ਪਿਆਂ ...!

ਜਾਗੀਰ ਕੁਰ ਨੇ ਚਾਹ 'ਚ ਗੁੜ ਦੀ ਤਾਂ ਅੱਜ ਖੰਡ ਪਾਈ,...ਦੋ ਤਿੰਨ ਨਿੱਕੀਆਂ ਲੈਚੀਆਂ ਤੇ ਚੁਟਕੀ ਕੁ ਸੌਂਫ਼ ਪਾ ਕੇ ਚੰਗੀ ਵਧੀਆ ਜਿਹੀ ਚਾਹ ਬਣਾ ਕੇ ਮੱਘਰ ਸਿਉਂ ਦੇ ਮੰਜੇ ਕੋਲ ਪਏ

ਸਟੂਲ 'ਤੇ ਗੜਵੀ ਤੇ ਬਾਟੀ ਰੱਖਦਿਆਂ ਬੋਲੀ,"ਉੱਠ ਕੇ ਚਾਹ ਦੀ ਘੁੱਟ ਪੀ ਲੈ ....ਖੰਡ ਦੀ ਬਣਾਈ ਆ..ਚਿੱਤ ਠੀਕ ਹੋ ਜੂ।"

ਮੱਘਰ ਸਿਉਂ ਨੇ ਬੇ -ਧਿਆਨੇ ਜਿਹੇ ਚਾਹ ਪੀਤੀ ਤੇ ਸਿਰ 'ਤੇ ਪਰਨਾ ਬੰਨ੍ਹ ਕੇ ਖੇਤ ਵੱਲ ਤੁਰ ਪਿਆ।

ਖ਼ੇਤੋਂ ਮੁੜਦਿਆਂ ਭੀੜੀ ਮੋਰੀ 'ਚ ਉਹਨੂੰ ਤੁਰਿਆ ਆਉਂਦਾ ਬੰਤਾ ਦਿਸ ਪਿਆ...ਉਹਦਾ ਚਿੱਤ ਕੀਤਾ ਕਿ ਉਹ ਉਹਨੂੰ ਬਿਨਾ ਬੁਲਾਇਆਂ ਲੰਘ ਜਾਵੇ ਪਰ ਬੰਤਾ ਐਨ ਕੋਲ ਆ ਗਿਆ। ਭੀੜੀ ਮੋਰੀ 'ਚੋਂ ਭੱਜ ਕੇ ਜਾਂਦਾ ਤਾਂ ਕਿੱਥੇ ਜਾਂਦਾ !

ਆਹ ਨੱਥੇ ਕੇ ਜੇ ਦੋ ਫੁੱਟ ਥਾਂ ਛੱਡ ਦਿੰਦੇ ਤਾਂ ਕੀ ਮਰ ਚੱਲੇ ਸੀ...ਅਗਲਾ ਆਰਾਮ ਨਾਲ ਮਾੜੇ ਬੰਦਿਆਂ ਤੋਂ ਪਰੇ ਹੋਕੇ ਲੰਘ ਜਾਂਦਾ। ਬਥੇਰਾ ਖੁੱਲ੍ਹਾ ਆ ਇਹਨਾਂ ਦਾ ਵਿਹੜਾ...ਚੰਦਰੀ ਨੀਤ ਆ ਬੁੜਝਾਂ ਦੀ ....ਦੋ ਫੁੱਟ ਥਾਂ ਨੀ ਛੱਡ ਸਕੇ ਪਿੰਡ ਦੇ ਲੋਕਾਂ ਦੇ ਸੁੱਖ ਆਰਾਮ ਵਾਸਤੇ। ਭੈਣ.....!

"ਬਾਈ...ਬਿਜਲੀ ਤਾਂ ਹੁਣ ਬਹੁਤ ਆਉਂਦੀ ਆ....ਮੋਟਰ ਚਲਾ ਕੇ ਆਇਆਂ ਲਗਦੈ ?" ਬੰਤੇ ਨੇ ਸਰਸਰੀ ਕਿਹਾ।

"ਹਾਂ ਬੰਤਿਆ....ਫ਼ਸਲ ਨੂੰ ਪਾਣੀ ਦੀ ਲੋੜ ਸੀ...ਸੋਚਿਆ ਮੋਟਰ ਚਲਾ ਆਉਨਾਂ ਨਾਲੇ ਭੱਈਏ ਨੂੰ ਚਾਹ ਫੜਾ ਆਉਂਨਾ। ਉਹ ਮੋਟਰ 'ਤੇ ਆਪ ਈ ਚਾਹ ਬਣਾ ਲੈਂਦਾ ਹੁੰਦਾ ਪਰ ਕਲ੍ਹ ਦਾ ਉਹਨੂੰ ਤਾਪ ਚੜ੍ਹਿਐ... ਦਵਾਈ ਆ ਪਿੰਡੋਂ ਰਾਜੂ ਡਾਕਟਰ ਤੋਂ ਲਈ ਆ ...ਕਲ੍ਹ ਨਾਲੋਂ ਅੱਜ ਠੀਕ ਲੱਗਦਾ।

"ਆਹੋ...ਰਾਜੂ ਦਵਾਈ ਚੰਗੀ ਦਿੰਦਾ ...ਮੈਂ ਤਾਂ ਆਪ ਢਿੱਲਾ- ਮੱਠਾ ਹੋਣ 'ਤੇ ਉਹਦੇ ਕੋਲ ਈ ਜਾਨਾਂ।" ਬੰਤੇ ਨੇ ਕਿਹਾ ਹੀ ਸੀ ਉਹਦੇ ਫ਼ੋਨ ਦੀ ਘੰਟੀ ਖੜਕ ਪਈ...।

ਮੱਘਰ ਸਿਉਂ ਨਹੀਂ ਸੀ ਚਾਹੁੰਦਾ ਕਿ ਬੰਤਾ ਉਹਦੇ ਸਾਹਮਣੇ ਹੈਲੋ ਆਖੇ। ਉਹ ਨੇ ਆਪਣੇ ਆਪ ਨੂੰ ਬਥੇਰਾ ਬੇਧਿਆਨਾ ਕੀਤਾ ਪਰ ਕਿੱਥੇ ! ਬੰਤੇ ਨੇ ਗੀਝੇ 'ਚੋਂ ਫ਼ੋਨ ਕੱਢਿਆ..."ਹਾਂ ਕੀ ਹਾਲ ਆ ਹਰਮਨ ... ਤੇਰਾ ਫਰਿੰਡ ਫ਼ੋਨ ਦੇ ਗਿਆ ...ਉਹਨੇ ਆਪੇ ਈ ਸੈਟ ਕਰਤਾ...ਬਾਹਲਾ ਈ ਸੋਹਣਾ ਆ...ਲੋਕੀਂ ਫੜ ਫੜ ਵੇਂਹਦੇ ਆ...!"

"ਭੈਣ...ਦਾ !" ....ਮੱਘਰ ਦੇ ਮੂੰਹੋਂ ਗਾਲ੍ਹ ਨਿਕਲਦੀ ਨਿਕਲਦੀ ਮਸਾਂ ਰੁਕੀ।

ਘਰ ਪਹੁੰਚ ਕੇ ਮੱਘਰ ਸਿਉਂ ਦੀ ਹਾਲਤ ਫਿਰ ਖ਼ਰਾਬ ਹੋ ਗਈ। ਆਉਣ ਸਾਰ ਮੰਜੇ 'ਤੇ ਪੈ ਗਿਆ।

"ਕਰਮੇ ਦੇ ਬਾਪੂ ....ਕੀ ਹੋ ਗਿਆ ਤੈਨੂੰ? ਅੱਜ ਨਿੰਦਰ ਵੀ ਪੁੱਛਦੀ ਸੀ ਕਿ ਬਾਪੂ ਨੂੰ ਕੀ ਹੋਇਆ !...ਜੇ ਕਹੇਂ ਤਾਂ ਚਾਹ ਦੀ ਘੁੱਟ ਹੋਰ ਬਣਾ ਦੇਵਾਂ...ਸਿਰ ਦੁਖਦੇ ਦੀ ਗੋਲੀ ਮੰਗਵਾ ਲੈਂਨੀ ਆ। ਗੋਲੀ ਲੈ ਕੇ ਆਰਾਮ ਨਾਲ ਬੈਠਕ 'ਚ ਮੂੰਹ ਸਿਰ ਵਲ੍ਹੇਟ ਕੇ ਪੈ ਜਾ। ਪੱਠੇ ਕਰਮਾ ਆਪੇ ਲੈ ਆਊਗਾ !"

ਜਾਗੀਰ ਕੁਰ ਨੇ ਲੌਂਗ-ਲੈਚੀਆਂ ਵਾਲੀ ਚਾਹ ਨਾਲ ਸਿਰ ਦੁਖਦੇ ਦੀ ਗੋਲੀ ਦਿੱਤੀ, ਪਰ ਕਿੱਥੇ? ਮੱਘਰ ਸਿਉਂ ਦਾ ਸਿਰ ਪਾਟਣ ਨੂੰ ਆਉਂਦਾ ਰਿਹਾ ਤੇ ਕਾਲਜਾ ਮੱਚਦਾ ਰਿਹਾ। ਉਹ ਚਾਹ ਪੀ ਕੇ, ਆਪਣੇ ਡੱਬੀਆਂ ਵਾਲੇ ਪਰਨੇ ਨੂੰ ਸਿਰ ਤੇ ਵਲ੍ਹੇਟਾ ਮਾਰ ਬੈਠਕ 'ਚ ਪਏ ਮੰਜੇ ਤੇ ਖੇਸ ਲੈ ਕੇ ਲੰਮਾ ਪੈ ਗਿਆ।

ਉਹ ਬੰਤੇ ਦੇ ਆਈ ਫ਼ੋਨ ਦੀ ਘੰਟੀ 'ਚ ਗਵਾਚਿਆ ਰਿਹਾ।

ਕਰਮੇ ਨੇ ਅੱਜ ਸਕੂਲੋਂ ਛੁੱਟੀ ਕਰ ਲਈ...ਖੇਤੋਂ ਪੱਠੇ ਲਿਆਉਣੇ ਸਨ ਤੇ ਭੱਈਏ ਦੀ ਰੋਟੀ ਲੈ ਕੇ ਜਾਣੀ ਸੀ।

ਚੌਂਕੇ ਚੁਲ੍ਹੇ ਤੋਂ ਵਿਹਲੀ ਹੋ ਕੇ ਜਗੀਰ ਕੁਰ ਬੈਠਕ 'ਚ ਗਈ ...ਮੱਘਰ ਸਿਉਂ ਦੇ ਮੱਥੇ ਤੇ ਹੱਥ ਰੱਖਦਿਆਂ ਬੋਲੀ,"ਮੱਥਾ ਤਾਂ ਠੰਢਾ ਪਿਆ...ਪਤਾ ਨੀ ਕਾਹਤੋਂ ਤੂੰ ਇਉਂ ਕਰਦੈ...ਉੱਠ ਰੋਟੀ ਖਾ ਲੈ।"

"ਚਿੱਤ ਨੀ ਕਰਦਾ...ਪਤਾ ਨੀ ਕੀ ਹੋ ਗਿਆ ? ਸਾਲਾ ਮਨ ਈ ਨੀ ਖੜ੍ਹਦਾ !"

"ਚੰਗਾ ...ਜੇ ਰੋਟੀ ਨੂੰ ਚਿੱਤ ਨੀ ਕਰਦਾ ਤਾਂ ਬਾਣੀਏ ਦੀ ਹੱਟੀ ਤੋਂ ਡੱਬਲ ਰੋਟੀ ਫੜ ਲਿਆਉਂਨੀ ਆਂ...ਦੁੱਧ 'ਚ ਚੂਰ ਕੇ ਖਾ ਲਈਂ ...ਤੇ ਨਾਲੇ ਰਾਜੂ ਡਾਕਟਰ ਤੋਂ ਸਿਰ ਦੁਖਦੇ ਦੀ ਗੋਲੀ ਵੀ ਫੜ ਲਿਆਊਂ !" ਜਗੀਰ ਕੁਰ ਨੇ ਉਹਦਾ ਸਿਰਹਾਣਾ ਠੀਕ ਕਰਦਿਆਂ ਆਖਿਆ।

"ਪਿਆਂ ਕਿੱਥੇ ਸਰਨਾ, ਭੱਈਏ ਨੂੰ ਰੋਟੀ ਫੜਾ ਕੇ ਆਉਣੀ ਆ ਤੇ ਪੱਠੇ ਵੀ ਲਿਆਉਣੇ ਆ, ਬੇਜ਼ੁਬਾਨਾਂ ਦਾ ਕੀ ਕਸੂਰ ਆ?" ਮੱਘਰ ਸਿਉਂ ਨੇ ਡੂੰਘਾ ਸਾਹ ਲੈਂਦਿਆਂ ਕਿਹਾ।

"ਤੂੰ ਭੱਈਏ ਦੀ ਰੋਟੀ ਤੇ ਪੱਠਿਆਂ ਦਾ ਫ਼ਿਕਰ ਨਾ ਕਰ ! ਕਰਮੇ ਨੂੰ ਛੁੱਟੀ ਦਵਾ ਲਈ...ਉਹਦੇ ਹੱਥ ਭੱਈਏ ਦੀ ਰੋਟੀ ਭੇਜ ਦਿੱਤੀ ਆ ਤੇ ਆਉਂਦਾ ਹੋਇਆ ਉਹ ਪੱਠਿਆਂ ਦੀ ਭਰੀ ਲੈ ਆਊ...ਤੂੰ ਆਰਾਮ ਨਾਲ ਪਿਆ ਰਹਿ !"

ਦੁੱਧ 'ਚ ਡੱਬਲ ਰੋਟੀ ਚੂਰ ਕੇ ਖਾਣ ਪਿੱਛੋਂ ਮੱਘਰ ਸਿਉਂ ਉੱਠ ਕੇ ਗੁਸਲਖਾਨੇ 'ਚ ਗਿਆ। ਬਾਹਰਲੇ ਪਾਸੇ ਹੱਥ ਧੋਣ ਵਾਲੀ ਸਿੰਕ ਤੋਂ ਉਤਾਂਹ ਲੱਗੇ ਸ਼ੀਸ਼ੇ 'ਚ ਆਪਣਾ ਉਤਰਿਆ

ਚਿਹਰਾ ਦੇਖ ਕੇ ਘਬਰਾ ਗਿਆ। ਦੋਬਾਰਾ ਮੰਜੇ 'ਤੇ ਪੈਣ ਮਗਰੋਂ ਬੋਲਿਆ, "ਸਿਰ ਦੁਖਦੇ ਦੀ ਗੋਲੀ ਸਾਂਭ ਕੇ ਰੱਖ ਲੈ...ਰਾਤ ਨੂੰ ਸੌਣ ਲੱਗਿਆਂ ਲਊਂਗਾ।

"ਚੰਗਾ ਤੇਰੀ ਮਰਜ਼ੀ ਆ..। ਕਹਿ ਕੇ ਜਗੀਰ ਕੁਰ ਚੌਂਕੇ 'ਚ ਆ ਕੇ ਰੋਟੀ ਟੁੱਕ ਵਾਲੇ ਭਾਂਡੇ ਮਾਂਜਣ ਲੱਗ ਪਈ।

ਤਿੰਨ ਕੁ ਵੱਜੇ ਮੱਘਰ ਸਿਉਂ ਉੱਠਿਆ..ਚਾਹ ਪੀਤੀ, ਸਿਰ 'ਤੇ ਬੰਨ੍ਹਿਆ ਪਰਨਾ ਠੀਕ ਕੀਤਾ ਤੇ ਸੱਥ ਵੱਲ ਨੂੰ ਤੁਰ ਪਿਆ।

"ਲੈ ਤੁਰ ਪਿਆ ਜਬਾੜਿਆਂ ਦਾ ਭੇੜ ਕਰਨ ...ਇਹਦੇ ਤੋਂ ਆਰਾਮ ਨਾਲ ਕਿੱਥੇ ਪਿਆ ਜਾਂਦਾ... ਜਿਨਾ ਚਿਰ ਲੋਕਾਂ ਦੀਆਂ ਸੁਣ ਨਾ ਆਵੇ...ਆਪ ਕਿਹੜਾ ਘੱਟ ਆ ਕਾਂਗਰਸੀਆਂ ਤੇ ਕਾਲੀਆਂ ਦੀਆਂ ਕਰਨੋਂ ਨੀ ਹਟਦਾ !"

ਨਿੰਦਰ ਨੇ ਸਕੂਲੋਂ ਆਉਂਦੀ ਨੇ ਪੁੱਛਿਆ," ਬੇਬੇ! ਬਾਪੂ ਕਿੱਥੇ ਆ...?"

"ਜਾਣਾ ਕਿੱਥੇ ਆ...ਸਵੇਰ ਦਾ ਸਿਰ ਸੁੱਟ ਕੇ ਪਿਆ ਸੀ...ਉੱਠ ਕੇ ਬਾਹਰ ਨੂੰ ਨਿਕਲ ਗਿਆ, ਆਵਦੀ ਆਦਤ ਪੂਰੀ ਕਰਨ !" ਜਾਗੀਰ ਕੁਰ ਨੇ ਤਲਖੀ 'ਚ ਕਿਹਾ।

ਜਾਗੀਰ ਕੁਰ ਨੇ ਧਾਰ ਕੱਢ ਕੇ ਦੁੱਧ ਵਾਲੀ ਬਾਲਟੀ ਰੱਖੀ ਹੀ ਸੀ ਕਿ ਮੱਘਰ ਸਿਉਂ ਆ ਗਿਆ ਤੇ ਕੰਧੋਲੀ ਕੋਲ ਖੜ੍ਹ ਕੇ ਜਾਗੀਰ ਕੁਰ ਨੂੰ ਆਖਣ ਲੱਗਾ,"ਅੱਜ ਮੈਂ ਛੇਤੀ ਈ ਪੈ ਜਾਊਂ...ਸਿਰ ਦੁਖਦੇ ਦੀ ਗੋਲੀ ਖਾ ਕੇ, ਹਾਲੇ ਵੀ ਸਿਰ ਭਾਰਾ ਭਾਰਾ ਜਿਹਾ ਪਿਆ , ਸਾਰੀ ਰਾਤ ਨੀਂਦ ਨੇੜੇ ਨੀ ਆਈ।" ਉਹਦੇ ਮੂੰਹੋਂ ਇਹ ਸ਼ਬਦ ਇਉਂ ਨਿਕਲੇ ਜਿਵੇਂ ਕਿਸੇ ਗੰਭੀਰ ਬੀਮਾਰੀ ਦਾ ਮਰੀਜ਼ ਹੋਵੇ।

ਜਗੀਰੋ ਨੇ ਉਹਦਾ ਝੱਗਾ ਉਪਰ ਨੂੰ ਚੁੱਕਿਆ ਤੇ ਪਿੰਡਾ ਟੋਂਹਦਿਆਂ ਬੋਲੀ," ਪਿੰਡਾ ਤਾਂ ਤੇਰਾ ਠੰਢਾ ਪਿਆ... ਧੋਵੀਂ ਮੂੰਗੀ ਦੀ ਦਾਲ ਨਾਲ ਰੋਟੀ ਖਾ ਕੇ ਤੇ ਦੁੱਧ ਨਾਲ ਸਿਰ ਦੁਖਦੇ ਦੀ ਗੋਲੀ ਲੈ ਕੇ ਮੂੰਹ ਸਿਰ ਢੱਕ ਕੇ ਪੈ ਜਾ ਬਰਾਂਡੇ 'ਚ। ਹਵਾ ਫਿਰ ਗਈ ਹੋਣੀ ਆ ਸਰੀਰ 'ਚ...!"

ਅਗਲੀ ਸਵੇਰੇ ਉਹ ਦੇਰ ਨਾਲ ਜਾਗਿਆ। ਮੂੰਹ ਹੱਥ ਧੋ, ਚਾਹ ਪਾਣੀ ਪੀ ਕੇ ਬੈਠਾ ਹੀ ਸੀ ਕਿ ਨਿੰਦਰ ਤਿਆਰ ਹੋ ਸਕੂਲ ਜਾਣ ਲੱਗੀ। ਮੱਘਰ ਸਿਉਂ ਨੇ ਉਹਨੂੰ ਰੋਕ ਕੇ ਪੁੱਛਿਆ " ਪੁੱਤ ! ਤੂੰ ਹੁਣ ਭਲਾ ਕਿਹੜੀ ਜਮਾਤ 'ਚ ਹੈਂ ?"

ਕੁੜੀ ਹੱਸ ਪਈ ਤੇ ਬੋਲੀ,"ਬਾਪੂ ਜੀ! ਮੈਂ ਬਾਰ੍ਹਵੀਂ ਦੇ ਪੇਪਰ ਦੇਣੇ ਆ ਹੁਣ...ਆਵਦੇ ਧੀਆਂ ਪੁੱਤਾਂ ਬਾਰੇ ਏਨੀ ਜਾਣਕਾਰੀ ਤਾਂ ਰੱਖਿਆ ਕਰੋ !"

"ਉਰੇ ਹੋ !"

ਮੱਘਰ ਸਿਉਂ ਨੇ ਆਪਣੇ ਸਾਹਮਣੇ ਖੜੀ ਲੰਮ-ਸਲੰਮੀ ਸੋਹਣੀ- ਸਨੱਖੀ ਧੀ ਨੂੰ ਥਾਪੜਾ ਦਿੱਤਾ ਤੇ ਕਿਹਾ,"ਚੰਗਾ..ਪੁੱਤ ਸੰਵਾਰ ਕੇ ਪੜ੍ਹਿਆ ਕਰ ! ਜਾਹ....ਤੇਰੀ ਬੱਸ ਆ ਜਾਣੀ ਆ। ਕਿਤੇ ਲੰਘ ਨਾ ਜਾਵੇ !"

ਅੱਜ ਪਹਿਲੀ ਵਾਰੀ ਮੱਘਰ ਸਿਉਂ ਨੇ ਜਵਾਨ ਕੁੜੀ ਨੂੰ ਥਾਪੜਾ ਦਿੱਤਾ।

ਉਹ 'ਬਾਰ੍ਹਵੀ' ਸ਼ਬਦ ਸੁਣ ਕੇ ਖ਼ੁਸ਼ ਹੋ ਗਿਆ। ਹੁਣ ਤਕ ਤਾਂ ਉਸਨੇ ਕਦੇ ਜਾਨਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਕਿ ਕੁੜੀ ਕਿਹੜੀ ਜਮਾਤ 'ਚ ਪੜ੍ਹਦੀ ਆ। ਮੁੰਡੇ ਬਾਰੇ ਜ਼ਰੂਰ ਪਤਾ ਸੀ ਕਿ ਉਹ ਦਸਵੀਂ 'ਚ ਪੜ੍ਹਦਾ ਆ...ਹਾਲੇ ਤਿੰਨ ਚਾਰ ਸਾਲ ਕੈਨੇਡਾ ਨਹੀਂ ਜਾ ਸਕਦਾ। ਉਂ ਤਾਂ ਪੜ੍ਹਾਈ 'ਚ ਕਮਜ਼ੋਰ ਆ ....ਲੈ ਦੇ ਕੇ ਆਈਲੈਟ ਕਰਵਾ ਕੇ ਤੋਰ ਦਿਆਂਗੇ। ਕੁੜੀ ਬਾਰੇ ਉਹਦੀ ਸੋਚ ਇਸ ਗੱਲ 'ਤੇ ਟਿਕੀ ਹੋਈ ਸੀ ਕਿ ਉਹਨੂੰ ਬਾਰ੍ਹਾਂ ਕਰਵਾ ਕੇ ਤੇ ਮਾੜਾ ਮੋਟਾ ਕੋਰਸ ਕਰਵਾ ਕੇ ਵਿਆਹ ਦੇਵੇਗਾ। ਪਰ ਅੱਜ ਅਚਾਨਕ ਮੱਘਰ ਸਿਉਂ ਦਾ ਧਿਆਨ ਕੁੜੀ ਵਾਲੇ ਪਾਸੇ ਹੋ ਗਿਆ। ਉਹਨੂੰ ਨਿੰਦਰ ਜਹਾਜ਼ 'ਚ ਬੈਠੀ ਦਿਸਣ ਲੱਗ ਪਈ। ਉਹ ਹੰਭਲਾ ਮਾਰਕੇ ਮੰਜੇ ਤੋਂ ਉੱਠਿਆ। ਉਹਦੇ 'ਚ ਭਾਖੜੇ ਦੇ ਪਾਣੀ 'ਚੋਂ ਨਿਕਲੀ ਬਿਜਲੀ ਜਿੰਨੀ ਤਾਕਤ ਆ ਗਈ ...ਉਹਨੂੰ ਲੱਗਿਆ ਜਿਵੇਂ ਬੰਤੇ ਦੇ ਫ਼ੋਨ ਵਰਗੇ ਕਿੰਨ੍ਹੇ ਈ ਫ਼ੋਨ ਉਹਦੀ ਝੋਲੀ 'ਚ ਆ ਪਏ ਹੋਣ !

ਆਥਣ ਦੀ ਚਾਹ ਬਣਾ ਕੇ ਜਗੀਰੋ ਬੈਠਕ 'ਚ ਬੈਠੇ ਮੱਘਰ ਸਿਉਂ ਨੂੰ ਫੜਾ ਕੇ ਮੁੜਨ ਈ ਲੱਗੀ ਤਾਂ ਉਹਨੇ ਮੰਜੇ ਦੇ ਇਕ ਪਾਸੇ ਨੂੰ ਹੋ ਉਹਨੂੰ ਬੈਠਣ ਦਾ ਇਸ਼ਾਰਾ ਕੀਤਾ।

ਜਗੀਰੋ ਦਾ ਚਿੱਤ ਤਾਂ ਨਹੀਂ ਸੀ ਕਰਦਾ ਕਿ ਉਹ ਉਹਦੇ ਮੰਜੇ 'ਤੇ ਬੈਠੇ।

" ਕੋਈ ਚੱਜ ਦੀ ਗੱਲ ਕਰੀਂ ...ਪਰਸੋਂ ਦਾ ਤਾਂ ਉਈਂ ਬੌਂਦਲਿਆ ਪਿਆਂ।"

"ਮੈਂ ਕਲ੍ਹ ਦਾ ਸੋਚਦਾਂ ਪਈ ਆਪਣੀ ਨਿੰਦਰ ਨੇ ਹੁਣ ਬਾਰ੍ਹਵੀਂ ਕਰ ਲੈਣੀ ਆ। ਇਹਨੂੰ ਆਈਲੈਟ ਕਰਵਾਕੇ ਕੈਨੇਡਾ ਨਾ ਭੇਜ ਦੇਈਏ!" ਕਹਿ ਕੇ ਉਹ ਜਗੀਰ ਕੌਰ ਦੇ ਚਿਹਰੇ ਵੱਲ ਦੇਖਣ ਲੱਗ ਪਿਆ।

"ਮੁੰਡੇ ਦਾ ਸੋਚ...ਕੁੜੀ ਨੂੰ ਇਉਂ ਅੱਖਾਂ ਤੋਂ ਪਰੇ ਕਰਨਾ ਔਖਾ ਲਗਦੈ...ਮੁੰਡਿਆਂ ਦੀ ਗੱਲ ਹੋਰ ਆ।" ਜਗੀਰ ਕੌਰ ਏਨਾ ਕਹਿ ਕੇ ਮੰਜੇ ਤੋਂ ਉੱਠ ਖਲੋਤੀ।

"ਗੁੱਸੇ ਕਿਉਂ ਹੋ ਗਈ?"

"ਗੁੱਸੇ ਨਾ ਹੋਵਾਂ ਤਾਂ ਕੀ ਕਰਾਂ...! ਕੋਈ ਕੁਆਰੀਆਂ ਧੀਆਂ ਨੂੰ ਵੀ ਅੱਖੋਂ ਪਰੇ ਕਰਦਾ ਕਦੇ। ਆਹ ਚਾਰ ਮੀਲਾਂ 'ਤੇ ਕਾਲਜ ਜਾਣ ਸਮੇਂ ਤਾਂ ਦੇਖਦਾ ਰਹਿੰਨਾਂ ਕਿ ਕੁੜੀ ਨੇ ਸਿਰ 'ਤੇ ਚੁੰਨੀ ਲਈ ਆ ਜਾਂ ਨਹੀਂ...ਕਦੇ ਕੁੜੀ ਨੂੰ ਬਾਰ ਮੂਹਰੇ ਤਾਂ ਖੜ੍ਹਨ ਨੀ ਦਿੱਤਾ ...ਸੱਤ ਸਮੁੰਦਰ ਪਾਰ ਭੇਜਣ ਦਾ ਹੌਸਲਾ ਕਿੱਥੋਂ ਲਿਆਏਂਗਾ ? ਕਾਲਜ 'ਚ ਪੜ੍ਹਾਉਣ ਵੇਲੇ ਤਾਂ ਏਨਾ ਰੌਲਾ ਪਾਇਆ ਸੀ ਕਿ ਬੇਗਾਨੇ ਪਿੰਡ ਨਹੀਂ ਭੇਜਣੀ...ਉਹ ਵੀ ਚਾਰ ਮੀਲਾਂ 'ਤੇ...ਤੇ ਹੁਣ ਤੇਰੇ 'ਚ ਕੈਨੇਡਾ ਕਿਵੇਂ ਬੋਲ ਪਿਆ ...?" ਜਾਗੀਰ ਕੌਰ ਨੇ ਤਲਖ਼ੀ ਨਾਲ ਅਗਲੀਆਂ ਪਿਛਲੀਆਂ ਸੁਣਾ ਦਿੱਤੀਆਂ।

"ਮੈਂ ਤਾਂ ਤੇਰੇ ਨਾਲ ਸਲਾਹ ਕਰਦਾ ਆਂ।"

"ਅੱਜ ਤਕ ਤਾਂ ਕਦੇ ਕੀਤੀ ਨੀ !" ਮੱਘਰ ਸਿਉਂ ਦੀ ਗੱਲ ਸੁਣੀ-ਅਣਸੁਣੀ ਕਰਕੇ ਉਹ ਚੌਂਕੇ ਚੁੱਲ੍ਹੇ 'ਚ ਆ ਗਈ ਤੇ ਕੂੰਡੇ 'ਚ ਚਟਣੀ ਕੁੱਟਣ ਲੱਗ ਪਈ।

ਸਵੇਰੇ ਉੱਠ ਕੇ ਚਾਹ ਪੀਣ ਲੱਗਿਆਂ ਮੱਘਰ ਨੇ ਕਲ੍ਹ ਵਾਲੀ ਗੱਲ ਫੇਰ ਛੇੜ ਲਈ। ਉਹਨੇ ਵਿਚਾਰਾ ਜਿਹਾ ਮੂੰਹ ਬਣਾ ਕੇ ਕਿਹਾ," ਜਗੀਰ ਕੁਰੇ ! ਤੈਨੂੰ ਮੇਰੀ ਗੱਲ ਚੰਗੀ ਨੀ ਲੱਗੀ...ਮੈਂ ਤਾਂ ਸੋਚਦਾ ਸੀ ਪਈ ਕੁੜੀ ਸਾਲ ਦੇ ਅੰਦਰ ਅੰਦਰ ਕੈਨੇਡਾ ਚਲੀ ਜਾਊ, ਸਾਲ ਕੁ ਪਿੱਛੋਂ ਆਪਾਂ ਵੀ ਮਿਲਣ ਦੇ ਬਹਾਨੇ ਗੇੜਾ ਮਾਰ ਆਵਾਂਗੇ। ਓਥੇ ਨਕਦ ਪੈਸਿਆਂ 'ਤੇ ਕੰਮ ਕਰਕੇ ਬਥੇਰੇ ਪੈਸੇ ਬਣ ਜਾਂਦੇ ਆ। ਚਾਰ ਪੈਸੇ ਆਪਾਂ ਵੀ ਕਮਾ ਲਿਆਵਾਂਗੇ। ਏਨਾ ਕਹਿ ਕੇ ਉਹ ਜਗੀਰ ਕੁਰ ਦਾ ਜਵਾਬ ਉਡੀਕਦਾ ਉਹਦੇ ਚਿਹਰੇ ਵੱਲ ਦੇਖਦਾ ਰਿਹਾ।

"ਘਰੇ ਕੌਣ ਰਹੂ...ਮੁੰਡੇ ਦੀ ਰੋਟੀ ਦਾ ਕੀ ਬਣੂ...ਫ਼ਸਲ ਬਾੜੀ ਤੇ ਪਸ਼ੂ ਕੌਣ ਸਾਂਭੂ !" ਤੁਰ ਪਿਆ ਕੈਨੇਡਾ ਨੂੰ।

"ਤੂੰ ਇਹਦਾ ਫ਼ਿਕਰ ਨਾ ਕਰ...ਆਪੇ ਕੋਈ ਬਣਤ ਬਣ ਜੂਗੀ। ਪਹਿਲਾਂ ਕੁੜੀ ਨੂੰ ਤਾਂ ਤੋਰੀਏ। ਜਗੀਰ ਕੁਰ ਚੁੰਨੀ ਦੇ ਲੜ ਨੂੰ ਗੰਢਾਂ ਮਾਰਦੀ ...ਖੋਲ੍ਹਦੀ ਤੇ ਸੋਚਦੀ ਰਹੀ। ਕਦੇ ਗੰਢ ਦੇ ਲੈਂਦੀ ਤੇ ਕਦੇ ਉਹ ਹੀ ਗੰਢ ਖੋਲ੍ਹ ਕੇ ਦੋਬਾਰਾ ਦੇ ਦਿੰਦੀ...!

ਮੱਘਰ ਸਿਉਂ ਨੇ ਉਹਦਾ ਗੋਡਾ ਹਿਲਾਇਆ।

ਉਹ ਜ਼ਰਾ ਕੁ ਮੁਸਕਰਾਈ ਤੇ ਬੋਲੀ ,"ਮੈਂ ਤਾਂ ਆਪ ਕਲ੍ਹ ਦੀ ਏਹੀ ਗੱਲ ਸੋਚੀਂ ਜਾਨੀ ਆਂ ਪਈ ਗੱਲ ਤਾਂ ਤੇਰੀ ਸੱਚੀ ਆ, ਅੱਜਕਲ੍ਹ ਤਾਂ ਕੁੜੀਆਂ ਮੁੰਡਿਆਂ 'ਚ ਕੋਈ ਫ਼ਰਕ ਨਹੀਂ। ਉਹ ਕਿਹੜਾ ਆਪਣੇ ਮੁਲਕ ਵਰਗਾ ਮੁਲਕ ਆ...ਕੁੜੀਆਂ ਨੂੰ ਪੂਰੀ ਖੁੱਲ੍ਹ ਆ। ਮੁੰਡਿਆਂ ਵਾਂਗੂੰ ਕੁੜੀਆਂ ਕਮਾਉਂਦੀਆਂ....ਕੋਈ ਡਰ ਡੁੱਕਰ ਨ੍ਹਈਂ...ਬੰਦਿਆਂ ਵਾਂਗੂੰ ਫਿਰਦੀਆਂ

ਕੁੜੀਆਂ ਬੁੜ੍ਹੀਆਂ।...ਨਾਲੇ ਆਪਣੀ ਕੁੜੀ ਸਿਆਣੀ ਆ...ਪੜ੍ਹਾਈ ਦੇ ਨਾਲ ਨਾਲ ਕੰਮ ਵੀ ਕਰੂ ਤੇ ਪੈਸੇ ਵੀ ਕਮਾਊ। ਪਰ....ਏਨੇ ਪੈਸੇ ਕਿੱਥੋਂ ਲਿਆਵਾਂਗੇ...ਦੋ ਸਾਲ ਤਾਂ ਫ਼ਸਲ ਈ ਨੀ ਹੋਈ ! ਕਹਿੰਦੇ ਟੋਕਰਾ ਰੁਪਇਆਂ ਦਾ ਚਾਹੀਂਦਾ...ਬਾਹਲੀ ਫ਼ੀਸ ਆ ਓਥੋਂ ਦੇ ਸਕੂਲਾਂ ਦੀ !" ਬੰਤਾ ਸੋਚੀਂ ਪੈ ਗਿਆ। ਕੁੱਤੇ ਬਿੱਲੇ ਨੂੰ ਗੈਰਨ ਲਈ ਸਿਰਹਾਣੇ ਰੱਖੀ ਸੋਟੀ ਨਾਲ ਉਹ ਜ਼ਮੀਨ ਖੁਰਚਣ ਲੱਗਾ।

"ਕਾਹਨੂੰ ਵਿਹੜਾ ਖ਼ਰਾਬ ਕਰੀ ਜਾਨਾਂ...ਹੱਥ ਨਿਚਲੇ ਰੱਖ !" ਬੰਤੇ ਦੇ ਹੱਥੋਂ ਸੋਟੀ ਫੜ ਕੇ ਆਪਣੇ ਵੱਲ ਰੱਖਦਿਆਂ ਜਗੀਰੋ ਬੋਲੀ।"

ਬੰਤਾ ਹੁਣ ਤਕ ਨੀਂਵੀ ਪਾਈ ਬੈਠਾ ਸੀ। ਉਹ ਮਾੜਾ ਜਿਹਾ ਜਗੀਰੋ ਵੱਲ ਝਾਕਿਆ ਤੇ ਬੋਲਿਆ," ਚੰਗਾ, ਜੇ ਤੇਰੀ ਵੀ ਇਹ ਸਲਾਹ ਆ ਤਾਂ ਨਿੰਦਰ ਨਾਲ ਗੱਲ ਕਰੀਂ ...ਉਹਨੂੰ ਟੋਹ ਕੇ ਦੇਖੀਂ ਕਿ ਕੀ ਕਹਿੰਦੀ ਆ। ਧੀਆਂ ਪੁੱਤਾਂ ਦੀ ਸਲਾਹ ਲੈਣੀ ਚੰਗੀ ਹੁੰਦੀ ਆ!"

"ਪਰ....ਲੱਖਾਂ ਰੁਪਏ ਕਿੱਥੋਂ ਆਉਣਗੇ ? ਹੱਟੀ ਆਲਿਆਂ ਦੀ ਸੰਤੀ ਬੁੜ੍ਹੀ ਕਹਿੰਦੀ ਸੀ ਉਹਨਾਂ ਨੇ ਡੂਢ ਕਿੱਲ੍ਹਾ ਬੈਅ ਕਰਕੇ ਪੋਤੇ ਨੂੰ ਕੈਨੇਡਾ ਤੋਰਿਆ ...ਕਹਿੰਦੀ ਸੀ ਓਥੋਂ ਦੇ ਸਕੂਲਾਂ ਦੀ ਤਾਂ ਫ਼ੀਸ ਈ ਬਾਹਲੀ ਆ...ਕੀ ਪਤਾ ਜਾਏ ਖਾਣੇ ਏਨ੍ਹੇ ਪੈਸੇ ਲੈਕੇ ਕੀ ਪੜ੍ਹਾਉਂਦੇ ਆ। ਆਪਣੇ ਕੋਲ ਤਾਂ ਹੇਠੋਂ ਉੱਤੋਂ ਹੈ ਈ ਨਿਆਈਆਂ 'ਚ ਪੰਜ ਕਿੱਲ੍ਹੇ...ਕੀ ਕੋਈ ਰੱਖੂ ਤੇ ਕੀ ਕੋਈ ਵੇਚੂ ?"

ਤੂੰ...ਉਹਦਾ ਫ਼ਿਕਰ ਨਾ ਕਰ...ਮੈਂ ਆਪੇ ਕੋਈ ਹੀਲਾ ਕਰੂੰ। ਤੂੰ ਬੱਸ ਨਿੰਦਰ ਨਾਲ ਗੱਲ ਕਰ ਲੈ !" ਬੰਤੇ ਨੇ ਪਰਨੇ ਨਾਲ ਮੁੜ੍ਹਕਾ ਪੂੰਝਦਿਆਂ ਕਿਹਾ।

"ਲੈ ! ਉਹ ਆਪਣੇ ਨਾਲ ਈ ਹੋਊ। ਉਹਨੂੰ ਨੀ ਪਤਾ ਘਰ ਦੀ ਕਬੀਲਦਾਰੀ ਦਾ ਕਿ ਭਰਾ ਹਾਲੇ ਨਿਆਣਾ ਆ ਤੇ ਦਸਵੀਂ 'ਚ ਪੜ੍ਹਦਾ...ਜਦੋਂ ਨੂੰ ਉਹਨੇ ਬਾਰਾਂ ਕਰਨੀਆਂ ਓਦੋਂ ਨੂੰ ਸੁੱਖ ਨਾਲ ਨਿੰਦਰ ਨੇ ਕਮਾਈ ਕਰਕੇ ਘਰ ਦਾ ਮੂੰਹ ਦੂਜੇ ਪਾਸੇ ਲਾ ਦੇਣਾ। ਜੱਗੇ ਕੀ ਕੁੜੀ ਨੂੰ ਗਇਆਂ ਹਜੇ ਸਾਲ ਨੀ ਹੋਇਆ, ਉਹਨਾਂ ਨੇ ਦੋ ਨਵੇਂ ਕਮਰੇ ਵੀ ਪਾ ਲਏ। ਜੇ ਇਉਂ ਈ ਰਿਹਾ ਤਾਂ ਛੇਤੀ ਈ ਕੋਠੀ ਬਣਾ ਲੈਣੀ ਆ !"

"ਤੂੰ ਉਹਨਾਂ ਦੇ ਦੋ ਕਮਰਿਆਂ ਦੀ ਗੱਲ ਛੱਡ... ਉਹਨਾਂ ਨੇ ਤਾਂ ਹਾਕਮ ਫੌਜੀ ਦੇ ਘਰ ਨਾਲ ਖਾਲੀ ਪਏ ਮਾਸਟਰ ਕੇ ਛੇ ਮਰਲੇ ਵੀ ਲੈ ਲਏ। ਏਨੇ ਨਾਲ ਈ ਘਰ ਸੋਹਣਾ ਲੱਗਣ ਲੱਗ ਪਿਆ। ਥੋੜ੍ਹੇ ਜਿਹੇ ਦਿਨਾਂ ਨੂੰ ਉਹਨਾਂ ਨੇ ਕੋਠੀ ਸ਼ੁਰੂ ਕਰ ਦੇਣੀ ਆ। ਮੁੰਡੇ ਨੂੰ ਵੱਡੇ ਵੱਡੇ ਘਰਾਂ ਤੋਂ ਸਾਕ ਆਉਣ ਲਗ ਪਏ ਆ।"

"ਮੁੰਡਾ ਤਾਂ ਮੱਧਰਾ ਜਿਹਾ ਆ!" ਜਗੀਰੋ ਨੇ ਆਪਣੇ ਬੁੱਲ੍ਹਾਂ ਨੂੰ ਵਿੰਗਾ ਟੇਢਾ ਕਰਦਿਆਂ ਕਿਹਾ।

"ਹੁਣ ਉਹ ਕੈਨੇਡਾ ਆਲੇ ਆ... ਅਗ਼ਲਿਆਂ ਨੂੰ ਪਤਾ ਪਈ ਮੁੰਡੇ ਨੇ ਭੈਣ ਕੋਲ ਚਲੇ ਜਾਣਾ ਆ। ਮੱਧਰਾ ਮੁਧਰਾ ਨਹੀਂ ਰਿਹਾ ਹੁਣ...ਕੈਨੇਡੇ ਦੀ ਪੂਛ ਬਹੁਤ ਲੰਮੀ ਆ...!"

ਨਿੰਦਰ ਦਾ ਬਾਰ੍ਹਵੀਂ ਦਾ ਰੀਜਲਟ ਆ ਗਿਆ...ਅੱਸੀ ਪ੍ਰਤੀਸ਼ਤ ਨੰਬਰ...ਮੱਘਰ ਫੁੱਲਿਆ ਨਾ ਸਮਾਵੇ ਤੇ ਜਗੀਰ ਕੁਰ ਚੌੜੀ ਹੋ ਹੋ ਪਿੰਡ ਦੀਆਂ ਬੁੜ੍ਹੀਆਂ ਨੂੰ ਆਖਦੀ ," ਭੈਣੇ! ਸਾਡੀ ਨਿੰਦਰ ਦੇ ਸੁੱਖ ਨਾਲ ਆਪਣੇ ਇਲਾਕੇ ਦੇ ਸਾਰੇ ਮੁੰਡੇ ਕੁੜੀਆਂ ਤੋਂ ਵੱਧ ਨੰਬਰ ਆ...ਰੱਬ ਸੁੱਖ ਰੱਖੇ.... ਅੱਜ ਦੇਗ਼ ਕਰਵਾ ਕੇ ਆਊਂਗੀ !"

ਨਿੰਦਰ ਦੀ ਪ੍ਰਿੰਸੀਪਲ ਨੇ ਉਹਦੇ ਮਾਂ-ਬਾਪ ਨੂੰ ਸਕੂਲ ਬੁਲਾਇਆ...ਉਹਨਾਂ ਦਾ ਮਾਨ ਸਨਮਾਨ ਕੀਤਾ ਤੇ ਕਿਹਾ," ਨਰਿੰਦਰ ਨੇ ਸਾਡੇ ਸਕੂਲ ਦਾ ਨਾਂ ਰੋਸ਼ਨ ਕੀਤਾ ਹੈ...ਇਹ ਸਕੂਲ ਦੇ ਬਾਕੀ ਬੱਚਿਆਂ ਲਈ ਮਿਸਾਲ ਬਣ ਗਈ ਆ...ਜੇਕਰ ਏਦਾਂ ਈ ਮਿਹਨਤ ਕਰਦੀ ਰਹੀ ਤਾਂ ਜ਼ਰੂਰ ਇਕ ਦਿਨ ਵੱਡੀ ਅਫ਼ਸਰ ਬਣੇਗੀ। ਏਹਨੂੰ ਕਿਸੇ ਚੰਗੇ ਜਿਹੇ ਕਾਲਜ 'ਚ ਪੜ੍ਹਨ ਪਾਓ...ਉੱਚੀ ਲੰਮੀ ਉਡਾਰੀ ਲਾਉਣ ਦੇਵੋ....!"

"ਹਾਂ ਜੀ ਮੈਡਮ...ਸਾਡਾ ਇਰਾਦਾ ਏਹਨੂੰ ਆਈਲੈਟ ਕਰਵਾ ਕੇ ਕੈਨੇਡਾ ਭੇਜਣ ਦਾ ਆ।" ਜਗੀਰ ਕੌਰ ਨੇ ਬੜੀ ਫੁਰਤੀ ਨਾਲ ਜਵਾਬ ਦਿੱਤਾ।

"ਉਹ ਤਾਂ ਠੀਕ ਆ...ਤੁਸੀਂ ਇਹਦੇ ਮਾਂ-ਬਾਪ ਹੋ ਪਰ ਕੁੜੀ ਕੈਨੇਡਾ ਜਾਣ ਵਾਲੀ ਨਹੀਂ...ਏਥੇ ਰਹਿ ਕੇ, ਏਥੇ ਪੜ੍ਹ ਕੇ ਵੱਡੀ ਅਫ਼ਸਰ ਬਣਨ ਵਾਲੀ ਆ...ਏਹਨੂੰ ਕਿਸੇ ਵੀ ਖ਼ੇਤਰ 'ਚ ਪਾ ਦੇਵੋ....।" ਪ੍ਰਿੰਸੀਪਲ ਨੇ ਆਪਣੇ ਸਾਹਮਣੇ ਬੈਠੇ ਨਿੰਦਰ ਦੇ ਮਾਂ-ਪਿਉ ਨਾਲ ਨਜ਼ਰਾਂ ਮਿਲਾਉਂਦੇ ਹੋਏ ਕਿਹਾ।

ਉਹ ਕੁਝ ਮਸੋਸੇ ਜਿਹੇ ਹੋ ਘਰ ਆ ਗਏ। ਪ੍ਰਿੰਸੀਪਲ ਨੇ ਤਾਂ ਹੋਰ ਈ ਗੱਲ ਕਰਤੀ ! ਉਹਨਾਂ ਦੇ ਦਿਮਾਗ 'ਚ ਤਾਂ ਕੈਨੇਡਾ ਤੋਂ ਸਿਵਾ ਹੋਰ ਕੁਝ ਨਹੀਂ ਸੀ।

ਘਰ ਆ ਕੇ ਉਹਨਾਂ ਨੇ ਨਿੰਦਰ ਨਾਲ ਗੱਲ ਕੀਤੀ...। ਨਿੰਦਰ ਨੂੰ ਪ੍ਰਿੰਸੀਪਲ ਦੀ ਗੱਲ ਤਾਂ ਠੀਕ ਲਗੀ ਪਰ ਉਹਦੀ ਆਪਣੇ ਮਾਂ-ਪਿਉ ਦੀ ਜ਼ਿੱਦ ਮੂਹਰੇ ਪੇਸ਼ ਨਾ ਗਈ। ਹਾਲਾਤ ਨਾਲ ਸਮਝੌਤਾ ਕਰਦਿਆਂ ਉਹ ਵੀ ਕੈਨੇਡਾ ਦੀਆਂ ਚਮਕਦੀਆਂ, ਲਿਸ਼ਕਦੀਆਂ ਇਮਾਰਤਾਂ, ਚੌੜੀਆਂ ਚੌੜੀਆਂ ਸੜਕਾਂ ਤੇ ਭੱਜਦੀਆਂ ਵੱਡੀਆਂ-ਵੱਡੀਆਂ ਕਾਰਾਂ ਦੇ ਸੁਪਨੇ ਲੈਣ ਲੱਗ ਪਈ।

ਨਿੰਦਰ ਨੇ ਆਈਲੈਟ 'ਚੋਂ ਸੱਤ ਬੈਂਡ ਲਏ। ਘਰ 'ਚ ਇਕ ਵਾਰ ਫਿਰ ਤਿਓਹਾਰ ਵਰਗਾ ਮਹੌਲ ਹੋ ਗਿਆ। ਕੈਨੇਡਾ 'ਚ ਏਜੰਟ ਰਾਹੀਂ ਸਰੀ ਦੇ ਆਮ ਜਿਹੇ ਸਕੂਲ 'ਚ ਦਾਖਲਾ ਲਿਆ ਤੇ ਅਗਲੀ ਕੈਨੇਡਾ ਦੀ ਪੜ੍ਹਾਈ ਲਈ ਵੀਜ਼ਾ ਆ ਗਿਆ।

ਮੱਘਰ ਸਿਉਂ ਨੇ ਨਿੰਦਰ ਨੂੰ ਆਪਣੇ ਵਿਤ ਤੋਂ ਵਧ ਕੇ ਸੋਹਣੇ ਲੀੜੇ ਕਪੜੇ ਬਣਾ ਕੇ ਦਿੱਤੇ...ਇਕ ਕਿੱਲਾ ਵੇਚ ਕੇ ਪੂਰੀ ਫੀਸ ਜਮ੍ਹਾਂ ਕਰਾਈ ਤੇ ਆਪਣੇ ਸਰੀ 'ਚ ਰਹਿੰਦੇ ਕਿਸੇ ਰਿਸ਼ਤੇਦਾਰ ਨਾਲ ਨਿੰਦਰ ਨੂੰ ਏਅਰ ਪੋਰਟ ਤੋਂ ਲਿਜਾਣ ਤੇ ਕੁਝ ਦਿਨਾਂ ਲਈ ਰਹਿਣ ਦਾ ਪ੍ਰਬੰਧ ਕਰਕੇ ਸੀਟ ਬੁੱਕ ਕਰਵਾ ਦਿੱਤੀ। ਰਿਸ਼ਤੇਦਾਰਾਂ ਤੇ ਲੋਕਾਂ ਦਾ ਆਉਣਾ ਜਾਣਾ ਵਧ ਗਿਆ। ਮੱਘਰ ਸਿਉਂ ਤੇ ਜਗੀਰ ਕੁਰ ਫੁੱਲੇ ਨਾ ਸਮਾਉਂਦੇ।

ਨਿੰਦਰ ਦੇ ਜਾਣ ਦਾ ਦਿਨ ਆ ਗਿਆ।

ਮੱਘਰ ਸਿਉਂ ਨੇ ਵੱਡੀ ਸਾਰੀ ਕਾਰ ਕਿਰਾਏ 'ਤੇ ਕੀਤੀ ਤੇ ਨਿੰਦਰ ਨੂੰ ਤੋਰਨ ਲਈ ਆਪਣੇ ਦੋ ਤਿੰਨ ਰਿਸ਼ਤੇਦਾਰਾਂ ਤੇ ਪੁੱਤ ਕਰਮੇ ਨੂੰ ਨਾਲ ਲੈ ਕੇ ਦਿੱਲੀ ਵੱਲ ਤੁਰ ਪਏ। ਜਗੀਰੋ ਏਹੀ ਕਹੀ ਜਾਵੇ,"ਮੈਥੋਂ ਨੀ ਜਾਂਦੀ ਕੁੜੀ ਵੇਖੀ ਜਾਣੀ...ਮੇਰੇ ਤਾਂ ਹੌਲ ਪੈਜੂ...ਏਥੇ ਘਰੇ ਤਾਂ ਹੌਸਲਾ ਦੇਣ ਵਾਲੇ ਰਿਸ਼ਤੇਦਾਰ ਬਥੇਰੇ ਆ...ਤੂੰ ਤੇ ਕਰਮਾ ਚੜ੍ਹਾ ਆਉ !"

ਦਿੱਲੀ ਏਅਰ-ਪੋਰਟ 'ਤੇ ਮੱਘਰ ਸਿਉਂ ਦਾ ਮਨ ਭਰ ਆਇਆ। ਆਪਣੀ ਛਾਤੀ ਨਾਲ ਧੀ ਨੂੰ ਲਾਇਆ ,"ਪੁੱਤ ਸਿਆਣਾ ਬਣ ਕੇ ਰਹੀਂ...ਧੀਆਂ ਘਰ ਦੀ ਇਜ਼ਤ ਹੁੰਦੀਆਂ...ਆਵਦਾ ਪੜ੍ਹੀ ਤੇ ਕੰਮ ਕਰੀਂ।"

ਨਿੰਦਰ ਨੇ ਭਰੀਆਂ ਅੱਖਾਂ ਨਾਲ ਆਪਣੇ ਛੋਟੇ ਵੀਰ ਨੂੰ ਕਲਾਵੇ 'ਚ ਲਿਆ ਤੇ ਘੁੱਟ ਕੇ ਹਿੱਕ ਨਾਲ ਲਾ ਲਿਆ।

"ਵੀਰੇ ! ਸਿਆਣਾ ਬਣ ਕੇ ਰਹੀਂ। ਬਾਪੂ ਬੇਬੇ ਦਾ ਕਿਹਾ ਮੰਨੀ। ਮੰਡੀਰ ਨਾਲ ਨਾ ਫਿਰੀਂ...ਮਾੜੇ ਵੇਲੇ ਆ। ਹਿਟਕੋਰੇ ਲੈਂਦੇ ਕਰਮੇ ਦੀਆਂ ਅੱਖਾਂ ਪੂੰਝਦਿਆਂ ਨਿੰਦਰ ਨੇ ਕਰਮੇ ਨੂੰ ਸਮਝਾਇਆ। ਧੀ ਨੂੰ ਤੋਰਨ ਲੱਗਿਆਂ ਮੱਘਰ ਸਿਉਂ ਦਾ ਦਿਲ ਪਸੀਜ ਗਿਆ। ਉਹ ਵਾਰ ਵਾਰ ਨਿੰਦਰ ਨੂੰ ਹਿੱਕ ਨਾਲ ਲਾਉਂਦਾ। ਉਹਨੇ ਕੰਬਦੇ ਹੱਥਾਂ ਨਾਲ ਨਿੰਦਰ ਨੂੰ ਇਕ ਵਾਰ ਫਿਰ ਆਪਣੀ ਹਿੱਕ ਨਾਲ ਲਾਇਆ ਤੇ ਕਿਹਾ,"ਪੁੱਤ ਸਿਆਣਾ ਬਣ ਕੇ ਰਹੀਂ...ਆਪਣੇ ਕੰਮ ਤੇ ਪੜ੍ਹਾਈ ਵੱਲ ਧਿਆਨ ਰੱਖੀਂ। ਮਾੜੀ ਸੰਗਤ ਤੋਂ ਪਰੇ ਰਹੀਂ, ਮਾੜੀ ਸੰਗਤ ਬੰਦੇ ਨੂੰ ਉਜਾੜ ਦਿੰਦੀ ਆ।"

"ਬਾਪੂ ਜੀ ਮੇਰਾ ਫ਼ਿਕਰ ਨਾ ਕਰਿਓ...ਮੈਨੂੰ ਆਪਣਾ ਪੁੱਤ ਈ ਸਮਝੋ। ਕਦੇ ਕੋਈ ਉਲਾਭਾਂ ਨਹੀਂ ਆਵੇਗਾ। ਆਪਣੇ ਖਾਣ ਪੀਣ ਦਾ ਧਿਆਨ ਰੱਖਣਾ...ਬੇਬੇ ਨੂੰ ਉਦਾਸ ਨਾ ਹੋਣ ਦੇਣਾ।" ਕਹਿੰਦਿਆਂ ਕਹਿੰਦਿਆਂ ਨਿੰਦਰ ਦੀ ਧਾਹ ਨਿਕਲ ਗਈ।

ਜਿਉਂ ਹੀ ਨਿੰਦਰ ਏਅਰਪੋਰਟ ਦੇ ਦਰਵਾਜ਼ੇ ਕੋਲ ਗਈ ਮੱਘਰ ਸਿਉਂ ਦੋਬਾਰਾ ਦੋਹਾਂ ਹੱਥਾਂ ਨਾਲ ਸਿਰ 'ਤੇ ਪਿਆਰ ਦਿੰਦਿਆਂ ਕਹਿਣ ਲੱਗਾ ,"ਪੁੱਤ ਕਿਸੇ ਆਉਂਦੇ ਜਾਂਦੇ ਦੇ ਹੱਥ ਮੈਨੂੰ ਵਿਡੀਓ ਦੇਖਣ ਵਾਲਾ ਆਈਫ਼ੋਨ ਭੇਜ ਦੇਈਂ ...ਤੇਰੇ ਨਾਲ ਗੱਲਾਂ ਕਰ ਲਿਆ ਕਰਾਂਗੇ। ਓਧਰੋਂ ਬਥੇਰੇ ਲੋਕ ਆਉਂਦੇ ਜਾਂਦੇ ਰਹਿੰਦੇ ਆ !"

ਮੱਘਰ ਸਿੰਘ ਦੀਆਂ ਅੱਖਾਂ 'ਚੋ ਪਰਲ ਪਰਲ ਹੰਝੂ ਵਹਿ ਤੁਰੇ ਪਰ ਅੰਦਰੋਂ ਉਹ ਬਹੁਤ ਖੁਸ਼ ਸੀ!